**BRAMPTON** **Media Release**

ਤੁਰੰਤ ਰਿਲੀਜ ਲਈ

## ਸਿਟੀ ਆਫ ਬ੍ਰੈਂਪਟਨ, ਦੂਜੇ ਵਿਸ਼ਵ ਯੁੱਧ ਦੇ ਅੰਤ ਦੀ 75ਵੀਂ ਵਰ੍ਹੇਗੰਢ ਮਨਾਵੇਗੀ

ਬ੍ਰੈਂਪਟਨ, ਓਨਟੈਰੀਓ (27 ਅਗਸਤ, 2020) – ਬੁੱਧਵਾਰ, 2 ਸਤੰਬਰ ਨੂੰ, ਸਿਟੀ ਆਫ ਬ੍ਰੈਂਪਟਨ, ਦੂਜੇ ਵਿਸ਼ਵ ਯੁੱਧ ਦੇ ਅੰਤ (End of World War II) ਦੀ 75ਵੀਂ ਵਰ੍ਹੇਗੰਢ ਮਨਾਵੇਗੀ। ਬ੍ਰੈਂਪਟਨ ਦੇ ਯੁੱਧ ਦੇ ਸਾਬਕਾ ਫੌਜੀਆਂ (Veterans of War) ਦੇ ਨਾਲ ਹੀ ਉਹਨਾਂ ਨੂੰ, ਜਿਹਨਾਂ ਨੇ ਅੰਤਮ ਕੁਰਬਾਨੀ ਕੀਤੀ, ਸਿਟੀ ਦੇ *ਬ੍ਰੈਂਪਟਨ ਰਿਮੈਂਬਰਸ (Brampton Remembers)* ਵੈਬਪੇਜ ਤੇ ਸਨਮਾਨਿਤ ਕੀਤਾ ਜਾਵੇਗਾ, ਸਿਟੀ ਦੀਆਂ ਸਾਰੀਆਂ ਫੈਸਿਲਿਟੀਜ ਵਿਖੇ ਝੰਡੇ ਅੱਧੇ-ਝੁਕੇ ਹੋਏ ਹੋਣਗੇ।

2 ਸਤੰਬਰ ਨੂੰ, *ਬ੍ਰੈਂਪਟਨ ਰਿਮੈਂਬਰਸ (Brampton Remembers)* ਵੈਬਪੇਜ ਤੇ, ਮੇਅਰ ਪੈਟਰਿਕ ਬ੍ਰਾਊਨ (Patrick Brown) ਅਤੇ ਬ੍ਰੈਂਪਟਨ ਦੇ, ਦੂਜੇ ਵਿਸ਼ਵ ਯੁੱਧ ਦੇ ਸਾਬਕਾ ਫੌਜੀਆਂ (Brampton WWII Veterans), ਪਾਇਲਟ ਅਫ਼ਸਰ ਬਿਲ ਬੁਰੇਲ (Bill Burrell) ਅਤੇ ਸੁਰਗਵਾਸੀ ਕਰਨਲ ਐਡਵਰਡ ਕੋਨੋਵਰ (Edward Conover) ਦੇ ਵੀਡੀਓ ਸੁਨੇਹੇ ਪੇਸ਼ ਕੀਤੇ ਜਾਣਗੇ। ਨਾਲ ਹੀ, ਇਸ ਮਹੱਤਵਪੂਰਣ ਵਰ੍ਹੇਗੰਢ ਦੇ ਇਤਿਹਾਸ ਬਾਰੇ ਜਾਣਕਾਰੀ ਪੇਸ਼ ਕੀਤੀ ਜਾਵੇਗੀ।

ਉਹਨਾਂ ਬ੍ਰੈਂਪਟਨ ਵਾਸੀਆਂ ਦੀਆਂ ਫੋਟੋਆਂ ਅਤੇ ਨਾਮ ਵੀ, 2 ਸਤੰਬਰ ਨੂੰ ਸਾਂਝੇ ਕੀਤੇ ਜਾਣਗੇ, ਜਿਹਨਾਂ ਨੇ ਦੂਜੇ ਵਿਸ਼ਵ ਯੁੱਧ ਵਿੱਚ ਸੇਵਾ ਦਿੱਤੀ ਸੀ।

ਹੋਰ ਜਾਣਨ ਲਈ ਅਤੇ ਆਪਣੀਆਂ ਯਾਦਾਂ ਅਤੇ ਸੋਗ ਸਾਂਝੇ ਕਰਨ ਲਈ, 2 ਸਤੰਬਰ ਨੂੰ, ਔਨਲਾਈਨ www.brampton.ca/bramptonremembers ਤੇ, ਭਾਈਚਾਰੇ ਦਾ ਸੁਆਗਤ ਹੈ।

**ਪਿਛੋਕੜ**

ਸਿਟੀ ਆਫ ਬ੍ਰੈਂਪਟਨ, ਦੂਜੇ ਵਿਸ਼ਵ ਯੁੱਧ ਦੇ ਅਧਿਕਾਰਕ ਅੰਤ ਦੀ ਯਾਦ ਮਨਾਵੇਗੀ। ਇਸ ਯੁੱਧ ਦਾ ਅੰਤ 2 ਸਤੰਬਰ, 1945 ਨੂੰ ਜਾਪਾਨ (Japan) ਦੇ ਆਤਮ ਸਮਰਪਣ ਕਰਨ ਨਾਲ ਹੋਇਆ ਸੀ। ਹਾਲਾਂਕਿ ਹਾਂਗਕਾਂਗ (Hong Kong) ਵਿੱਚ ਸੇਵਾ ਦੇਣ ਤੋਂ ਇਲਾਵਾ, ਕੈਨੇਡਿਅਨ ਸੈਨਾ ਨੇ ਪੈਸਿਫਿਕ (Pacific) ਥਿਏਟਰ ਵਿੱਚ ਸੇਵਾ ਨਹੀਂ ਦਿੱਤੀ ਸੀ, ਪਰੰਤੂ ਬ੍ਰੈਂਪਟਨ ਦੇ ਕਈ ਨਿਵਾਸੀਆਂ ਨੇ ਯੁੱਧ ਦੇ ਯੂਰੋਪੀਅਨ (European) ਥਿਏਟਰ ਵਿੱਚ ਸੇਵਾ ਦਿੱਤੀ ਸੀ। ਬਹੁਤ ਵੱਡੀ ਸੰਖਿਆ ਵਿੱਚ ਬ੍ਰੈਂਪਟਨ ਵਾਸੀਆਂ ਨੇ, ਸਾਡੇ ਭਾਈਵਾਲ ਦੇਸ਼ਾਂ (Allied Countries) ਦੀ ਸੈਨਾ ਨਾਲ, ਪੈਸਿਫਿਕ ਥਿਏਟਰ ਵਿੱਚ ਵੀ ਸੇਵਾ ਦਿੱਤੀ ਸੀ।

2 ਸਤੰਬਰ ਨੂੰ ਸਿਟੀ, ਉਹਨਾਂ ਸਾਰੇ ਬ੍ਰੈਂਪਟਨ ਵਾਸੀਆਂ ਦੀ ਸੇਵਾ ਦੀ ਯਾਦ ਮਨਾਵੇਗੀ ਅਤੇ ਉਹਨਾਂ ਨੂੰ ਯਾਦ ਕਰੇਗੀ, ਜਿਹਨਾਂ ਨੇ ਉਸ ਅਜ਼ਾਦੀ ਨੂੰ ਕਾਇਮ ਰੱਖਣ ਅਤੇ ਇਸਦੀ ਰੱਖਿਆ ਕਰਨ ਲਈ ਅੰਤਮ ਕੁਰਬਾਨੀ ਕੀਤੀ, ਜੋ ਅਜ਼ਾਦੀ ਅੱਜ ਸਾਡੇ ਕੋਲ ਹੈ।

**ਹਵਾਲੇ**

“ਦੂਜਾ ਵਿਸ਼ਵ ਯੁੱਧ, 75 ਸਾਲ ਪਹਿਲਾਂ ਖ਼ਤਮ ਹੋਇਆ ਸੀ ਅਤੇ ਇਸਨੇ ਬ੍ਰੈਂਪਟਨ ਵਿੱਚ ਕਈ ਜ਼ਿੰਦਗੀਆਂ ਸਮੇਤ, ਦੁਨੀਆ ਨੂੰ ਬਦਲ ਦਿੱਤਾ ਸੀ। ਮੈਂ ਉਹਨਾਂ ਸਾਰਿਆਂ ਦਾ ਧੰਨਵਾਦੀ ਹਾਂ, ਜਿਹਨਾਂ ਨੇ ਯੁੱਧ ਵਿੱਚ, ਬਿਨਾਂ ਕਿਸੇ ਸਵਾਰਥ ਦੇ ਸੇਵਾ ਦਿੱਤੀ – ਉਹਨਾਂ ਦੀ ਵਜ੍ਹਾ ਨਾਲ ਹੀ, ਅੱਜ ਅਸੀਂ ਸਾਡੀ ਅਜ਼ਾਦੀ ਦਾ ਅਨੰਦ ਮਾਣ ਰਹੇ ਹਾਂ। ਹਾਲਾਂਕਿ ਅਸੀਂ, ਸਾਡੇ ਇਤਿਹਾਸ ਦੇ ਇਸ ਮਹੱਤਵਪੂਰਣ ਹਿੱਸੇ ਦੀ ਯਾਦ ਮਨਾਉਣ ਲਈ ਵਿਅਕਤੀਗਤ ਤੌਰ ਤੇ ਇਕੱਠੇ ਨਹੀਂ ਹੋ ਸਕਦੇ, ਇਸਲਈ ਮੈਂ ਹਰ ਕਿਸੇ ਨੂੰ ਬੇਨਤੀ ਕਰਦਾ ਹਾਂ ਕਿ ਦੂਜੇ ਵਿਸ਼ਵ ਯੁੱਧ ਦੇ ਅੰਤ ਨੂੰ ਸਨਮਾਨ ਦੇਣ ਲਈ 2 ਸਤੰਬਰ ਨੂੰ *ਬ੍ਰੈਂਪਟਨ ਰਿਮੈਂਬਰਸ (Brampton Remembers)* ਵੈਬਪੇਜ ਤੇ ਆਓ।”

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਹਾਲਾਂਕਿ ਅਸੀਂ ਦੂਜੇ ਵਿਸ਼ਵ ਯੁੱਧ ਦੇ ਅੰਤ ਦੀ 75ਵੀਂ ਵਰ੍ਹੇਗੰਢ ਦੀ ਯਾਦ ਮਨਾਉਣ ਲਈ ਵਿਅਕਤੀਗਤ ਤੌਰ ਤੇ ਇਕੱਤਰ ਨਹੀਂ ਹੋ ਸਕਦੇ, ਫਿਰ ਵੀ ਇਹ ਮਹਤੱਵਪੂਣ ਹੈ ਕਿ ਅਸੀਂ, ਸਾਡੇ ਇਤਿਹਾਸ ਦੇ ਇਸ ਮਹੱਤਵਪੂਰਣ ਪਲ ਨੂੰ ਯਾਦ ਕਰਨਾ ਜਾਰੀ ਰੱਖੀਏ। ਸਿਟੀ ਦੇ ਸਟਾਫ਼ ਨੇ, ਵੀਡੀਓ ਸੁਨੇਹਿਆਂ, ਫੋਟੋਆਂ ਅਤੇ ਸੋਗ ਦੀ ਬੁੱਕ ਆਦਿ ਦੇ ਨਾਲ, ਸ਼ਰਧਾਂਜਲੀ ਦੇ ਤੌਰ ਤੇ ਇੱਕ ਖਾਸ ਔਨਲਾਈਨ ਸਪੇਸ ਤਿਆਰ ਕੀਤਾ ਹੈ। ਕਿਰਪਾ ਕਰਕੇ 2 ਸਤੰਬਰ ਨੂੰ, *ਬ੍ਰੈਂਪਟਨ ਰਿਮੈਂਬਰਸ (Brampton Remembers)* ਤੇ ਜਾ ਕੇ, ਸਾਬਕਾ ਫੌਜੀਆਂ ਅਤੇ ਯੁੱਧ ਦੇ ਪੀੜਤਾਂ ਨੂੰ ਸਨਮਾਨਿਤ ਕਰੋ।"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

"ਮੈਂ ਦੂਜੇ ਵਿਸ਼ਵ ਯੁੱਧ ਦੇ ਅੰਤ ਦੀ 75ਵੀਂ ਵਰ੍ਹੇਗੰਢ ਦੇ ਯਾਦਗਾਰ ਕਾਰਜਕਰਮ ਲਈ, ਸਿਟੀ ਆਫ ਬ੍ਰੈਂਪਟਨ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਕਿਉਂਕਿ ਬ੍ਰੈਂਪਟਨ ਵਿੱਚ ਸਾਡੇ ਸਾਬਕਾ ਫੌਜੀ ਹਨ, ਜਿਹਨਾਂ ਨੇ ਲੜਾਈ ਦੇ ਦੋਵੇਂ ਥਿਏਟਰਾਂ ਵਿੱਚ ਸੇਵਾ ਦਿੱਤੀ ਹੈ, ਇਸਲਈ ਉਹਨਾਂ ਦੀ ਸੇਵਾ ਅਤੇ ਉਹਨਾਂ ਨੂੰ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਜੋ ਕੀਮਤ ਚੁਕਾਉਣੀ ਪਈ, ਉਸਨੂੰ ਯਾਦ ਰੱਖਣਾ ਮਹੱਤਵਪੂਰਣ ਹੈ। ਇਸ ਸ਼ਹਿਰ ਦੀਆਂ ਉਹਨਾਂ ਔਰਤਾਂ ਦੀ ਸੇਵਾ ਨੂੰ ਮਾਨਤਾ ਦੇਣਾ ਵੀ ਮਹੱਤਵਪੂਰਣ ਹੈ, ਜਿਹਨਾਂ ਨੇ ਯੁੱਧ ਸਬੰਧੀ ਯਤਨਾਂ ਵਿੱਚ ਸ਼ਾਨਦਾਰ ਯੋਗਦਾਨ ਦਿੱਤਾ, ਖਾਸ ਕਰਕੇ ਮਾਲਟਨ ਵਿੱਚ ਏਅਰਕ੍ਰਾਫਟ ਫੈਕਟਰੀਆਂ ਵਿੱਚ, ਜਾਂ ਜਿਹਨਾਂ ਨੇ ਇਸ ਲੜਾਈ ਦੇ ਦੌਰਾਨ ਵਰਦੀ ਵਿੱਚ ਸੇਵਾ ਦਿੱਤੀ। ਅਸੀਂ, ਖਾਸ ਕਰਕੇ ਇਸ ਸ਼ਹਿਰ ਦੇ ਉਹਨਾਂ ਲੋਕਾਂ ਨੂੰ ਸਨਮਾਨਿਤ ਕਰਦੇ ਹਾਂ, ਜਿਹਨਾਂ ਨੇ ਉਸ ਅਜ਼ਾਦੀ ਨੂੰ ਕਾਇਮ ਰੱਖਣ ਅਤੇ ਇਸਦੀ ਰੱਖਿਆ ਕਰਨ ਲਈ ਅੰਤਮ ਕੁਰਬਾਨੀ ਕੀਤੀ, ਜੋ ਅਜ਼ਾਦੀ ਅੱਜ ਸਾਡੇ ਕੋਲ ਹੈ। ਇਹ ਨਾ ਹੋਵੇ ਕਿ ਅਸੀਂ ਇਸਨੂੰ ਭੁੱਲ ਜਾਈਏ।"

- *ਹੇਨਰੀ ਐਫ. ਵਰਸ਼ੁਰੇਨ, ਸੀ.ਡੀ. (Henry F. Verschuren CD), ਪਰੇਡ ਕਮਾਂਡਰ, ਮੇਜਰ ਡਬਲਯੂ.ਐਮ. ਡਵਾਈਟ ਸ਼ਾਰਪ ਰੋਇਲ ਕੈਨੇਡਿਅਨ ਲੀਜਨ ਬ੍ਰਾਂਚ 15*

"ਦੂਜੇ ਵਿਸ਼ਵ ਯੁੱਧ ਦੇ ਅੰਤ ਦੀ 75ਵੀਂ ਵਰ੍ਹੇਗੰਢ ਦੇ ਮੌਕੇ ਤੇ, ਰੋਇਲ ਕੈਨੇਡਿਅਨ ਲੀਜਨ ਬ੍ਰਾਂਚ 609 ਦੇ ਮੈਂਬਰ, ਉਹਨਾਂ ਪੁਰਸ਼ਾਂ ਅਤੇ ਔਰਤਾਂ ਦੀ ਕੁਰਬਾਨੀ ਨੂੰ ਪ੍ਰਗਟ ਕਰਨਾ ਚਾਹੁੰਦੇ ਹਨ, ਜਿਹਨਾਂ ਨੇ ਕੈਨੇਡਾ ਲਈ ਸੇਵਾ ਦਿੱਤੀ ਹੈ। ਅਸੀਂ ਉਹਨਾਂ ਨੂੰ ਯਾਦ ਕਰ ਰਹੇ ਹਾਂ, ਜਿਹਨਾਂ ਨੇ ਅੰਤਮ ਕੁਰਬਾਨੀ ਕੀਤੀ ਅਤੇ ਕਦੇ ਘਰ ਵਾਪਸ ਨਹੀਂ ਆਏ। ਇਹ ਉਹ ਲੋਕ ਹਨ, ਜੋ ਯੂਰੋਪ, ਅਫਰੀਕਾ ਅਤੇ ਏਸ਼ੀਆ ਵਿੱਚ ਰਹਿੰਦੇ ਹਨ ਅਤੇ ਉਹ ਲੋਕ, ਜਿਹਨਾਂ ਦਾ ਕਦੇ ਪਤਾ ਨਹੀਂ ਲੱਗ ਸਕਿਆ। ਅਸੀਂ ਉਹਨਾਂ ਸਾਬਕਾ ਫੌਜੀਆਂ ਨੂੰ ਵੀ ਯਾਦ ਕਰਦੇ ਹਾਂ, ਜੋ ਘਰ ਵਾਪਸ ਆਏ ਸਨ ਅਤੇ ਹੁਣ ਸਾਡੇ ਨਾਲ ਨਹੀਂ ਹਨ। ਅਸੀਂ ਉਹਨਾਂ ਦਾ ਵੀ ਧੰਨਵਾਦ ਕਰਦੇ ਹਾਂ, ਜੋ ਅਜੇ ਵੀ ਸਾਡੇ ਨਾਲ ਹਨ, ਭਾਵੇਂ ਉਹਨਾਂ ਦੇ ਸਰੀਰ ਕਾਫੀ ਕਮਜ਼ੋਰ ਹੋ ਗਏ ਹਨ, ਪਰੰਤੂ ਉਹਨਾਂ ਦਾ ਜੋਸ਼, ਸਾਡੇ ਸਾਰਿਆਂ ਲਈ ਇੱਕ ਪ੍ਰੇਰਨਾਸ੍ਰੋਤ ਹੋਣਾ ਚਾਹੀਦਾ ਹੈ।"

- *ਪਾੱਲ ਆਰ. ਐਕਰਮੈਨ (Paul R. Ackermann), ਸਰਜੈਂਟ-ਐਟ-ਆਰਮਸ, ਰੋਇਲ ਕੈਨੇਡਿਅਨ ਲੀਜਨ ਬ੍ਰਾਂਚ 609*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

BRAMPTON

**Media Release**

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca